# ਲਾਭ ਸੰਦਰਭ ਗਾਈਡ

CALIFORNIA CalVCB VICTIM COMPENSATION BOARD

**ਹਿੰਸਕ ਅਪਰਾਧ ਦੇ ਪੀੜਤਾਂ ਨੂੰ ਠੀਕ ਹੋਣ ਵਿੱਚ ਮਦਦ ਕਰਨ ਲਈ ਕੁੱਲ $70,000 ਤੱਕ ਦਾ ਮੁਆਵਜ਼ਾ ਮਿਲ ਸਕਦਾ ਹੈ।**
**ਇਹ ਗਾਈਡ ਤੁਹਾਨੂੰ ਦੱਸਦੀ ਹੈ:**
**• ਕੌਣ ਲਾਭ ਪ੍ਰਾਪਤ ਕਰ ਸਕਦਾ ਹੈ • ਉਹ ਕਿੰਨਾ ਪ੍ਰਾਪਤ ਕਰ ਸਕਦੇ ਹਨ • CalVCB ਨੂੰ ਕਿਹੜੀ ਜਾਣਕਾਰੀ ਦੀ ਲੋੜ ਹੈ •**

## ਲਾਭ ਕੌਣ ਪ੍ਰਾਪਤ ਕਰ ਸਕਦਾ ਹੈ?

**V** ਜੇਕਰ **ਕਿਸੇ ਸਿੱਧੇ ਪੀੜਤ** ਨੂੰ ਕਿਸੇ ਅਪਰਾਧ ਕਾਰਨ ਸਰੀਰਕ ਤੌਰ ‘ਤੇ ਸੱਟ ਲੱਗਦੀ ਹੈ, ਸੱਟ ਲੱਗਣ ਦੀ ਧਮਕੀ ਦਿੱਤੀ ਜਾਂਦੀ ਹੈ, ਜਾਂ ਉਸਦੀ ਮੌਤ ਹੋ ਜਾਂਦੀ ਹੈ।

**D** **ਇੱਕ ਆਸ਼ਰਿਤ ਪੀੜਤ** ਦੇ ਖਰਚੇ ਸਿੱਧੇ ਪੀੜਤ ਦੀ ਸੱਟ ਜਾਂ ਮੌਤ ਕਾਰਨ ਹੁੰਦੇ ਹਨ। ਇਹ ਪਰਿਵਾਰ ਦਾ ਮੈਂਬਰ, ਰੂਮਮੇਟ ਜਾਂ ਦੇਖਭਾਲ ਕਰਨ ਵਾਲਾ ਹੋ ਸਕਦਾ ਹੈ।

**P** **ਭੁਗਤਾਨ ਕਰਨ ਵਾਲਾ** ਉਹ ਵਿਅਕਤੀ ਹੁੰਦਾ ਹੈ ਜੋ ਅਪਰਾਧ ਨਾਲ ਸੰਬੰਧਤ ਖਰਚਿਆਂ ਦਾ ਭੁਗਤਾਨ ਕਰਦਾ ਹੈ ਜਾਂ ਜ਼ਿੰਮੇਵਾਰੀ ਲੈਂਦਾ ਹੈ।

| ਮੁਆਵਜ਼ੇ ਦੀ ਕਿਸਮ | ਕੌਣ ਯੋਗਤਾ ਪੂਰੀ ਕਰਦਾ ਹੈ? | ਵੱਧ ਤੋਂ ਵੱਧ ਲਾਭ |
|---|---|---|
| **ਅੰਤਿਮ ਸੰਸਕਾਰ ਅਤੇ/ਜਾਂ ਦਫ਼ਨਾਉਣਾ** | P | **$12,818 ਤੱਕ** |

**ਸਾਨੂੰ ਕੀ ਚਾਹੀਦਾ ਹੈ, ਉਸ ਦੀਆਂ ਉਦਾਹਰਣਾਂ:**
- ਇਸ ਗੱਲ ਦਾ ਸਬੂਤ ਕਿ ਪੀੜਤ ਦੀ ਮੌਤ ਇੱਕ ਯੋਗ ਅਪਰਾਧ ਦਾ ਨਤੀਜਾ ਸੀ।
- ਅੰਤਿਮ ਸੰਸਕਾਰ ਜਾਂ ਦਫ਼ਨਾਉਣ ਦੇ ਖਰਚਿਆਂ ਦੀਆਂ ਰਸੀਦਾਂ। ਪ੍ਰਦਾਤਾ ਸਿੱਧੇ ਤੌਰ ‘ਤੇ CalVCB ਨੂੰ ਵੀ ਬਿੱਲ ਭੇਜ ਸਕਦੇ ਹਨ।

| ਮੁਆਵਜ਼ੇ ਦੀ ਕਿਸਮ | ਕੌਣ ਯੋਗਤਾ ਪੂਰੀ ਕਰਦਾ ਹੈ? | ਵੱਧ ਤੋਂ ਵੱਧ ਲਾਭ |
|---|---|---|
| **ਡਾਕਟਰੀ ਅਤੇ ਦੰਦਾਂ ਦੇ ਖਰਚੇ** | V P | **$70,000 ਤੱਕ** |

**ਸਾਨੂੰ ਕੀ ਚਾਹੀਦਾ ਹੈ, ਉਸ ਦੀਆਂ ਉਦਾਹਰਣਾਂ:**
- ਅਪਰਾਧ ਰਿਪੋਰਟ ਜਾਂ ਮੈਡੀਕਲ/ਡੈਂਟਲ ਰਿਕਾਰਡਾਂ ਤੋਂ ਸਬੂਤ ਕਿ ਮੈਡੀਕਲ/ਡੈਂਟਲ ਸੇਵਾਵਾਂ ਦੀ ਲੋੜ ਹੈ।
- ਇਸ ਗੱਲ ਦਾ ਸਬੂਤ ਕਿ ਮੈਡੀਕਲ ਯੰਤਰ ਅਪਰਾਧ ਕਾਰਨ ਲਏ ਗਏ ਸਨ, ਗੁੰਮ ਹੋਏ ਸਨ, ਖਰਾਬ ਹੋਏ ਸਨ, ਨਸ਼ਟ ਹੋ ਗਏ ਸਨ ਜਾਂ ਹੁਣ ਲੋੜੀਂਦੇ ਹਨ।
- ਜੇਕਰ ਘਰ ਵਿੱਚ ਸੇਵਾਵਾਂ ਦੀ ਲੋੜ ਹੈ ਤਾਂ ਡਾਕਟਰ ਤੋਂ ਇੱਕ ਨੋਟ ਜਿਸ ਵਿੱਚ ਦੱਸਿਆ ਹੋਵੇ ਕਿ ਇਹ ਕਿੰਨੇ ਸਮੇਂ ਲਈ ਚਾਹੀਦੀ ਹੈ, ਅਤੇ ਇਹ ਵੀ ਕਿ ਪਰਿਵਾਰ ਦੇ ਕਿਸੇ ਮੈਂਬਰ ਜਾਂ ਕਿਸੇ ਦੂਜੇ ਵਿਅਕਤੀ ਤੋਂ ਦੇਖਭਾਲ ਮੈਡੀਕਲ ਕਾਰਨਾਂ ਕਰਕੇ ਜ਼ਰੂਰੀ ਹੈ।
- ਡੈਂਟਲ ਬਿੱਲ ਅਮਰੀਕਨ ਡੈਂਟਲ ਐਸੋਸੀਏਸ਼ਨ ਕਲੇਮ ਫਾਰਮ ‘ਤੇ ਜਮ੍ਹਾਂ ਕੀਤੇ ਜਾਣੇ ਚਾਹੀਦੇ ਹਨ।

| ਮੁਆਵਜ਼ੇ ਦੀ ਕਿਸਮ | ਕੌਣ ਯੋਗਤਾ ਪੂਰੀ ਕਰਦਾ ਹੈ? | ਵੱਧ ਤੋਂ ਵੱਧ ਲਾਭ |
|---|---|---|
| **ਮਾਨਸਿਕ ਸਿਹਤ ਦਾ ਇਲਾਜ** | V D P | **60 ਸੈਸ਼ਨਾਂ ਤੱਕ ਅਤੇ $10,000 ਜਿਵੇਂ ਕਿ ਹੇਠਾਂ ਵੇਰਵਾ ਦਿੱਤਾ ਗਿਆ ਹੈ** |

**V ਸੈਸ਼ਨ ਸੀਮਾਵਾਂ:**
- 60 ਸੈਸ਼ਨ

**D ਸੈਸ਼ਨ ਸੀਮਾਵਾਂ:**
- ਜੇਕਰ ਸਿੱਧੇ ਪੀੜਤ ਦੀ ਮੌਤ ਅਪਰਾਧ ਕਾਰਨ ਹੋਈ ਹੈ ਤਾਂ 60 ਸੈਸ਼ਨ।
- 50 ਸੈਸ਼ਨ ਜੇਕਰ ਆਸ਼ਰਿਤ ਪੀੜਤ ਅਪਰਾਧ ਦੇ ਸਮੇਂ ਨਾਬਾਲਗ ਸੀ।
- 50 ਸੈਸ਼ਨ ਜੇਕਰ ਆਸ਼ਰਿਤ ਪੀੜਤ ਅਪਰਾਧ ਦੇ ਸਮੇਂ ਸਿੱਧੇ ਪੀੜਤ ਦਾ ਮੁੱਖ ਦੇਖਭਾਲ ਕਰਨ ਵਾਲਾ ਸੀ। ਇਹ ਦੋ ਦੇਖਭਾਲ ਕਰਨ ਵਾਲਿਆਂ ਲਈ ਕੁੱਲ $10,000 ਤੱਕ ਸੀਮਤ ਹੈ।
- ਜੇਕਰ ਆਸ਼ਰਿਤ ਪੀੜਤ ਉਪਰੋਕਤ ਮਾਪਦੰਡਾਂ ਨੂੰ ਪੂਰਾ ਨਹੀਂ ਕਰਦਾ ਹੈ ਤਾਂ 30 ਸੈਸ਼ਨ। ਇਹ $5,000 ਤੱਕ ਸੀਮਿਤ ਹੈ।
- 30 ਸੈਸ਼ਨ ਜੇਕਰ ਡੈਰੀਵੇਟਿਵ ਪੀੜਤ ਅਪਰਾਧ ਤੋਂ ਬਾਅਦ ਨਾਬਾਲਗ ਪੀੜਤ ਦਾ ਦੇਖਭਾਲ ਕਰਨ ਵਾਲਾ ਬਣ ਗਿਆ। ਇਹ $5,000 ਤੱਕ ਸੀਮਿਤ ਹੈ ਅਤੇ ਇਹ ਲਾਜ਼ਮੀ ਤੌਰ ‘ਤੇ ਸਿੱਧੇ ਪੀੜਤ ਦੇ ਫਾਇਦੇ ਲਈ ਹੋਣਾ ਚਾਹੀਦਾ ਹੈ।

**ਸਾਨੂੰ ਕੀ ਚਾਹੀਦਾ ਹੈ, ਉਸ ਦੀਆਂ ਉਦਾਹਰਣਾਂ:**
- ਪ੍ਰਾਪਤ ਹੋਏ ਮਾਨਸਿਕ ਸਿਹਤ ਇਲਾਜ ਲਈ ਆਈਟਮਾਈਜ਼ਡ ਰਸੀਦਾਂ। ਪ੍ਰਦਾਤਾ ਸਿੱਧੇ ਤੌਰ ‘ਤੇ CalVCB ਨੂੰ ਵੀ ਬਿੱਲ ਭੇਜ ਸਕਦੇ ਹਨ।
- ਪ੍ਰਦਾਤਾ ਤੋਂ ਉਨ੍ਹਾਂ ਦੇ ਪਹਿਲੇ ਬਿੱਲ ਦੇ ਨਾਲ ਭਰਿਆ ਹੋਇਆ ਮਾਨਸਿਕ ਸਿਹਤ ਬਿਲਿੰਗ ਇਨਟੇਕ ਫਾਰਮ।
- ਸਬੂਤ ਕਿ ਬੀਮੇ ਦਾ ਬਿੱਲ ਭੇਜਿਆ ਗਿਆ ਹੈ, ਜੇਕਰ ਲਾਗੂ ਹੋਵੇ।

| ਮੁਆਵਜ਼ੇ ਦੀ ਕਿਸਮ | ਕੌਣ ਯੋਗਤਾ ਪੂਰੀ ਕਰਦਾ ਹੈ? | ਵੱਧ ਤੋਂ ਵੱਧ ਲਾਭ |
|---|---|---|
| **ਗਾਈਡ, ਸਿਗਨਲ, ਜਾਂ ਸਰਵਿਸ ਡੌਗ** | V | **$10,000 ਤੱਕ** |

**ਸਾਨੂੰ ਕੀ ਚਾਹੀਦਾ ਹੈ, ਉਸ ਦੀਆਂ ਉਦਾਹਰਣਾਂ:**
- ਅਪਰਾਧ ਦੇ ਕਾਰਨ ਜ਼ਖਮੀ ਜਾਂ ਮਰ ਗਏ ਗਾਈਡ, ਸਿਗਨਲ, ਜਾਂ ਸਰਵਿਸ ਡੌਗ ਨੂੰ ਖਰੀਦਣ ਜਾਂ ਇਲਾਜ ਕਰਨ ਦੇ ਖਰਚਿਆਂ ਦੀਆਂ ਰਸੀਦਾਂ।

<table>
<tr><th>ਮੁਆਵਜ਼ੇ ਦੀ ਕਿਸਮ</th><th>ਕੌਣ ਯੋਗਤਾ ਪੂਰੀ ਕਰਦਾ ਹੈ?</th><th>ਵੱਧ ਤੋਂ ਵੱਧ ਲਾਭ</th></tr>
<tr><td>ਆਮਦਨੀ ਦਾ ਨੁਕਸਾਨ</td><td>V D</td><td>$70,000 ਤੱਕ</td></tr>
<tr><td colspan="3">ਸਾਨੂੰ ਕੀ ਚਾਹੀਦਾ ਹੈ, ਉਸ ਦੀਆਂ ਉਦਾਹਰਣਾਂ:<br>• ਕਿਸੇ ਡਾਕਟਰੀ ਜਾਂ ਮਾਨਸਿਕ ਸਿਹਤ ਪ੍ਰਦਾਤਾ ਵੱਲੋਂ ਅਪੰਗਤਾ ਬਿਆਨ।<br>• ਕਿਸੇ ਡਾਕਟਰੀ ਪ੍ਰਦਾਤਾ ਤੋਂ ਸਬੂਤ ਕਿ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਹਸਪਤਾਲ ਵਿੱਚ ਨਾਬਾਲਗ ਦੇ ਨਾਲ ਹੋਣ ਦੀ ਲੋੜ ਹੈ।<br>• ਆਮਦਨੀ ਦਾ ਸਬੂਤ (ਟੈਕਸ ਰਿਟਰਨ, ਤਨਖਾਹ ਦੀ ਪਰਚੀ, ਜਾਂ ਰੁਜ਼ਗਾਰਦਾਤਾ ਤੋਂ ਸਟੇਟਮੈਂਟ)।</td></tr>
<tr><td>ਸਹਾਇਤਾ ਦਾ ਨੁਕਸਾਨ</td><td>D</td><td>$70,000 ਤੱਕ</td></tr>
<tr><td colspan="3">ਸਾਨੂੰ ਕੀ ਚਾਹੀਦਾ ਹੈ, ਉਸ ਦੀਆਂ ਉਦਾਹਰਣਾਂ:<br>• ਸਬੂਤ ਕਿ ਵਿਅਕਤੀ ਅਪਰਾਧ ਦੇ ਸਮੇਂ ਪੀੜਤ ‘ਤੇ ਕਾਨੂੰਨੀ ਤੌਰ ‘ਤੇ ਨਿਰਭਰ ਸੀ (ਜਨਮ ਜਾਂ ਵਿਆਹ ਸਰਟੀਫਿਕੇਟ, ਗੋਦ ਲੈਣ ਦੇ ਰਿਕਾਰਡ, ਬੱਚੇ ਦੇ ਸਮਰਥਨ ਦੇ ਰਿਕਾਰਡ, ਜਾਂ ਸਮਾਜਿਕ ਸੁਰੱਖਿਆ ਦਸਤਾਵੇਜ਼)।<br>• ਆਮਦਨੀ ਦਾ ਸਬੂਤ (ਟੈਕਸ ਰਿਟਰਨ, ਤਨਖਾਹ ਦੀ ਪਰਚੀ, ਜਾਂ ਰੁਜ਼ਗਾਰਦਾਤਾ ਤੋਂ ਸਟੇਟਮੈਂਟ)।</td></tr>
<tr><td>ਮਨੁੱਖੀ ਤਸਕਰੀ ਮੁਆਵਜ਼ਾ</td><td>V</td><td>ਪ੍ਰਤੀ ਸਾਲ $10,000 ਤੱਕ ਵੱਧ ਤੋਂ ਵੱਧ ਦੋ ਸਾਲਾਂ ਲਈ</td></tr>
<tr><td colspan="3">ਸਾਨੂੰ ਕੀ ਚਾਹੀਦਾ ਹੈ, ਉਸ ਦੀਆਂ ਉਦਾਹਰਣਾਂ:<br>• ਮਨੁੱਖੀ ਤਸਕਰੀ ਦੇ ਸਿੱਧੇ ਨਤੀਜੇ ਵਜੋਂ ਆਮਦਨੀ ਦੇ ਨੁਕਸਾਨ ਦਾ ਸਬੂਤ:<br>◊ ਕਾਨੂੰਨ ਲਾਗੂ ਕਰਨ ਬਾਬਤ ਰਿਪੋਰਟ, ਜਾਂ<br>◊ ਬਨਿੈਕਾਰ, ਮਨੁੱਖੀ ਤਸਕਰੀ ਦੇ ਕੇਸ ਵਰਕਰ, ਲਾਇਸੰਸਸੁਦਾ ਵਕੀਲ, ਜਾਂ ਗਵਾਹ ਵੱਲੋਂ ਝੂਠੀ ਗਵਾਹੀ ਦੀ ਸਜ਼ਾ ਅਧੀਨ ਸਹੁੰ ਚੁੱਕਿਆ ਬਆਿਨ।<br>• ਇੱਕ ਭਰਿਆ ਹੋਇਆ ਮਨੁੱਖੀ ਤਸਕਰੀ ਮੁਆਵਜ਼ਾ ਫਾਰਮ।</td></tr>
<tr><td>ਨੌਕਰੀ ਦੀ ਮੁੜ ਸਿਖਲਾਈ ਜਾਂ ਇਸ ਤਰ੍ਹਾਂ ਦੀਆਂ ਰੁਜ਼ਗਾਰ ਸੇਵਾਵਾਂ</td><td>V</td><td>$70,000 ਤੱਕ</td></tr>
<tr><td colspan="3">ਸਾਨੂੰ ਕੀ ਚਾਹੀਦਾ ਹੈ, ਉਸ ਦੀਆਂ ਉਦਾਹਰਣਾਂ:<br>• ਕੈਲੀਫੋਰਨੀਆ ਦੇ ਪੁਨਰਵਾਸ ਵਿਭਾਗ ਵੱਲੋਂ ਇੱਕ ਮੁਲਾਂਕਣ।</td></tr>
<tr><td>ਸਥਾਨਾਂਤਰਣ</td><td>V</td><td>$3,418 ਤੱਕ</td></tr>
<tr><td colspan="3">ਸਾਨੂੰ ਕੀ ਚਾਹੀਦਾ ਹੈ, ਉਸ ਦੀਆਂ ਉਦਾਹਰਣਾਂ:<br>• ਕਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਤੋਂ ਸਬੂਤ ਕਿ ਪੀੜਤ ਦੀ ਸੁਰੱਖਿਆ ਲਈ ਸਥਾਨਾਂਤਰਣ ਦੀ ਲੋੜ ਹੈ।<br>• ਮਾਨਸਿਕ ਸਿਹਤ ਪ੍ਰਦਾਤਾ ਤੋਂ ਸਬੂਤ ਕਿ ਪੀੜਤ ਦੀ ਭਾਵਨਾਤਮਕ ਤੰਦਰੁਸਤੀ ਲਈ ਘਰ ਬਦਲਣਾ ਜ਼ਰੂਰੀ ਹੈ।<br>• ਕਿਰਾਇਆ, ਯੂਟਿਲਿਟੀ ਡਿਪਾਜ਼ਿਟ, ਜਾਂ ਘਰ ਬਦਲਣ ਦੇ ਖਰਚਿਆਂ ਵਰਗੇ ਸਥਾਨਾਂਤਰਣ ਖਰਚਿਆਂ ਦੀਆਂ ਰਸੀਦਾਂ।<br>• ਇੱਕ ਭਰਿਆ ਹੋਇਆ ਕਿਰਾਏ ਦਾ ਤਸਦੀਕ ਫਾਰਮ ਅਤੇ ਲੀਜ਼ ਦੀ ਇੱਕ ਕਾਪੀ।</td></tr>
<tr><td>ਘਰ ਦੀ ਸੁਰੱਖਿਆ</td><td>V D</td><td>$1,000 ਤੱਕ</td></tr>
<tr><td colspan="3">ਸਾਨੂੰ ਕੀ ਚਾਹੀਦਾ ਹੈ, ਉਸ ਦੀਆਂ ਉਦਾਹਰਣਾਂ:<br>• ਜੁਰਮ ਦੇ ਸਿੱਧੇ ਨਤੀਜੇ ਵਜੋਂ ਲੋੜੀਂਦੇ ਖਰਚਿਆਂ ਦਾ ਸਬੂਤ।<br>• ਘਰ ਦੀ ਸੁਰੱਖਿਆ ਦੇ ਖਰਚਿਆਂ ਦੀਆਂ ਰਸੀਦਾਂ।</td></tr>
<tr><td>ਅੰਸ਼ਕ ਤੌਰ 'ਤੇ ਜਾਂ ਪੂਰੀ ਤਰ੍ਹਾਂ ਅਪਾਹਜ ਪੀੜਤਾਂ ਲਈ ਘਰ ਵਿੱਚ ਸੁਧਾਰ</td><td>V</td><td>$70,000 ਤੱਕ</td></tr>
<tr><td colspan="3">ਸਾਨੂੰ ਕੀ ਚਾਹੀਦਾ ਹੈ, ਉਸ ਦੀਆਂ ਉਦਾਹਰਣਾਂ:<br>• ਡਾਕਟਰ ਤੋਂ ਸਬੂਤ ਕਿ ਅਪਰਾਧ ਦੇ ਕਾਰਨ ਡਾਕਟਰੀ ਤੌਰ ‘ਤੇ ਸੁਧਾਰਾਂ ਲੋੜ ਹੈ।<br>• ਘਰ ਸੁਧਾਰ ਮਾਹਰ ਵੱਲੋਂ ਇੱਕ ਲਿਖਤੀ ਰਿਪੋਰਟ।<br>• ਠੇਕੇਦਾਰ ਵੱਲੋਂ ਕੀਤੇ ਜਾਣ ਵਾਲੇ ਕੰਮ ਦਾ ਵਿਸਤ੍ਰਿਤ ਵੇਰਵਾ, ਭੁਗਤਾਨ ਯੋਜਨਾ, ਅਤੇ ਉਨ੍ਹਾਂ ਦੇ ਲਾਇਸੈਂਸ ਦੀ ਇੱਕ ਕਾਪੀ।<br>• ਘਰ ਦੇ ਸੁਧਾਰ 'ਤੇ ਹੋਏ ਖਰਚਿਆਂ ਦੀਆਂ ਰਸੀਦਾਂ।</td></tr>
<tr><td>ਵਾਹਨ ਵਿੱਚ ਸੁਧਾਰ ਜਾਂ ਵਾਹਨ ਖਰੀਦਣਾ</td><td>V</td><td>$30,000 ਤੱਕ</td></tr>
<tr><td colspan="3">ਸਾਨੂੰ ਕੀ ਚਾਹੀਦਾ ਹੈ, ਉਸ ਦੀਆਂ ਉਦਾਹਰਣਾਂ:<br>• ਡਾਕਟਰ ਵੱਲੋਂ ਸਬੂਤ ਕਿ ਅਪਰਾਧ ਦੇ ਕਾਰਨ ਸੋਧਿਆ ਹੋਇਆ ਵਾਹਨ ਖਰੀਦਣਾ ਜਾਂ ਉਸ ਵਿੱਚ ਬਦਲਾਅ ਕਰਨਾ ਡਾਕਟਰੀ ਤੌਰ 'ਤੇ ਜ਼ਰੂਰੀ ਹੈ।<br>• ਪੀੜਤ ਵੱਲੋਂ ਇੱਕ ਬਿਆਨ ਜਿਸ ਵਿੱਚ ਦੱਸਿਆ ਗਿਆ ਹੋਵੇ ਕਿ ਕੀ ਜਨਤਕ ਆਵਾਜਾਈ ਉਪਲਬਧ ਹੈ।<br>• ਵਾਹਨ ਨੂੰ ਸੋਧਣ ਜਾਂ ਖਰੀਦਣ ਦੀ ਲਾਗਤ ਨੂੰ ਦਰਸਾਉਂਦਾ ਬਿੱਲ ਜਾਂ ਅਨੁਮਾਨ।<br>• ਇੱਕ ਗਤੀਸ਼ੀਲਤਾ ਮਾਹਰ ਦੀ ਰਿਪੋਰਟ।<br>• ਉਸ ਵਿਅਕਤੀ ਦੇ ਡਰਾਈਵਿੰਗ ਲਾਇਸੈਂਸ ਦੀ ਇੱਕ ਕਾਪੀ ਜੋ ਵਾਹਨ ਚਲਾਏਗਾ।</td></tr>
<tr><td>ਅਪਰਾਧ ਵਾਲੀ ਜਗ੍ਹਾ ਦੀ ਸਫਾਈ</td><td>P</td><td>$1,709 ਤੱਕ</td></tr>
<tr><td colspan="3">ਸਾਨੂੰ ਕੀ ਚਾਹੀਦਾ ਹੈ, ਉਸ ਦੀਆਂ ਉਦਾਹਰਣਾਂ:<br>• ਸਬੂਤ ਕਿ ਅਪਰਾਧ ਕਿਸੇ ਰਿਹਾਇਸ਼ ਜਾਂ ਵਾਹਨ ਵਿੱਚ ਹੋਇਆ ਸੀ।<br>• ਕਿਸੇ ਪ੍ਰਵਾਨਿਤ ਕੂੜਾ-ਕਰਕਟ ਸਾਫ਼ ਕਰਨ ਵਾਲੀ ਕੰਪਨੀ ਦੁਆਰਾ ਘਰ ਜਾਂ ਵਾਹਨ ਦੀ ਸਫ਼ਾਈ ਲਈ ਰਸੀਦਾਂ।</td></tr>
</table>

ਸ਼ਬਦਾਵਲੀ: V ਸਿੱਧਾ ਪੀੜਤ | D ਆਸ਼ਰਿਤ ਪੀੜਤ | P ਭੁਗਤਾਨ ਕਰਨ ਵਾਲਾ